ਨੰਬਰ 5661/PUGKC
ਮਿਤੀ 22/5/2023

# ਜਨਤਕ ਸੂਚਨਾ (ਕੰਟੀਨ ਦੀ ਬੋਲੀ ਸਬੰਧੀ)

ਹਰ ਆਮ ਅਤੇ ਖ਼ਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਸੋਸ਼ਲ ਸਾਇੰਸਜ਼ ਵਿਭਾਗ ਵਿਖੇ ਬਣੀ ਕੰਟੀਨ ਨੂੰ ਠੇਕੇ ਤੇ ਦੇਣ ਲਈ **ਖੁੱਲੀ ਬੋਲੀ** ਕਰਵਾਈ ਜਾ ਰਹੀ ਹੈ। ਚਾਹਵਾਨ ਵਿਅਕਤੀ ਸਮੇਂ ਸਿਰ ਪਹੁੰਚ ਕੇ ਇਸ ਸੁਨਹਿਰੀ ਮੌਕੇ ਦਾ ਲਾਭ ਉਠਾ ਸਕਦੇ ਹਨ। ਇਸ ਸਬੰਧ ਵਿੱਚ ਨਿਯਮ ਅਤੇ ਸ਼ਰਤਾਂ ਆਦਿ ਮੌਕੇ ਤੇ ਹੀ ਦੱਸੀਆਂ ਜਾਣਗੀਆਂ। ਬਿਨ੍ਹਾਂ ਕਾਰਨ ਦੱਸੇ, ਬੋਲੀ ਨੂੰ ਰੱਦ ਕਰਨ ਦਾ ਅਧਿਕਾਰ ਕਮੇਟੀ ਕੋਲ ਹੋਵੇਗਾ। ਜੇਕਰ ਬੋਲੀ ਵਾਲੇ ਦਿਨ ਕੋਈ ਸਰਕਾਰੀ ਛੁੱਟੀ ਹੁੰਦੀ ਹੈ ਤਾਂ ਬੋਲੀ ਅਗਲੇ ਕੰਮ ਵਾਲੇ ਦਿਨ ਕਰਵਾਈ ਜਾਵੇਗੀ। ਇਹ ਬੋਲੀ, ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਡਾ. ਅਵਤਾਰ ਸਿੰਘ ਗੈਸਟ ਹਾਊਸ ਦੇ ਹਾਲ ਵਿਖੇ ਮਿਤੀ 26-05-2023 (ਦਿਨ ਸ਼ੁੱਕਰਵਾਰ) ਨੂੰ 11.00 ਵਜੇ ਹੋਵੇਗੀ। ਵਧੇਰੇ ਜਾਣਕਾਰੀ ਲਈ ਹਸਤਾਖਰਕਰਤਾ ਦੇ ਦਫ਼ਤਰ ਨਾਲ (ਕੰਮ ਵਾਲੇ ਦਿਨ) ਸੰਪਰਕ ਕੀਤਾ ਜਾਵੇ।

22/5/2023
ਡਾਇਰੈਕਟਰ